# ਢਾਡੀ ਕਲਾ ਅਤੇ ਢਾਡੀ ਜੱਥਿਆਂ ਦਾ ਭਵਿੱਖ ਚਿੰਤਾਜਨਕ - ਧੰਮੂ

ਸਾਧੂ ਸਿੰਘ ਧੰਮੂ ਲਗਭਗ ਪਿਛਲੇ 24 ਸਾਲਾਂ ਤੋਂ ਢਾਡੀ ਕਲਾ ਨਾਲ ਜੁੜਿਆ ਹੋਇਆ ਹੈ ਅਤੇ ਅੱਜ ਵੀ ਸੰਘਰਸ਼ ਕਰ ਰਿਹਾ ਹੈ। ਰਾਮਗੜ੍ਹੀਆ ਬਰਾਦਰੀ ਨਾਲ ਸੰਬੰਧਤ ਹੁੰਦੇ ਹੋਏ ਵੀ ਉਸ ਨੇ ਆਪਣਾ ਪਿਤਾ ਪੁਰਖੀ ਕਿੱਤਾ ਨਹੀਂ ਅਪਣਾਇਆ ਸਗੋਂ ਬਚਪਨ ਤੋਂ ਢਾਡੀ ਕਲਾ ਨੂੰ ਸਮਰਪਿਤ ਹੋ ਗਿਆ। ਪਿਛਲੇ ਦਿਨੀਂ ਉਸ ਨਾਲ ਇਸ ਵਿਸ਼ੇ ਤੇ ਵਿਚਾਰਾਂ ਹੋਈਆਂ ਜੋ ਅਸੀਂ ਪਾਠਕਾਂ ਨਾਲ ਸਾਂਝੀਆਂ ਕਰਨ ਦੀ ਖੁਸ਼ੀ ਲੈ ਰਹੇ ਹਾਂ -

**? ਧੰਮੂ ਸਾਬ੍ਹ ਸਭ ਤੋਂ ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ?**

- ਭਲੂਰੀਆ ਜੀ ਜਦੋਂ ਮੇਰੀ ਸੁਰਤ ਸੰਭਲੀ ਤਾਂ ਘਰ ਵਿਚ ਘੋਰ ਗਰੀਬੀ ਸੀ। ਪਿਤਾ ਜੀ ਸੇਪੀ ਦਾ ਕੰਮ ਕਰਦੇ ਸਨ। ਜ਼ਮੀਨ-ਜਾਇਦਾਦ ਨਾ ਹੋਣ ਕਾਰਨ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲਦਾ ਸੀ. ਪਿਤਾ ਜੀ ਮੈਨੂੰ ਪਿਤਾ-ਪੁਰਖੀ ਕਿੱਤੇ ਵਿਚ ਪਾਉਣਾ ਚਾਹੁੰਦੇ ਸਨ ਪਰ ਮੈਂ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ਼ ਇਹ ਲਾਈਨ ਚੁਣ ਲਈ।

**? ਧੰਮੂ ਜੀ ਆਪਣੇ ਜਨਮ ਬਾਰੇ ਦੱਸੋ ਅਤੇ ਪਰਿਵਾਰਕ ਬਾਰੇ ਵੀ ਦੱਸੋ?**

- ਭਲੂਰੀਆ ਜੀ ਮੇਰਾ ਜਨਮ ਪਿਤਾ ਸ. ਬਿਸ਼ਨ ਸਿੰਘ ਅਤੇ ਮਾਤਾ ਸਵ. ਚੰਦ ਕੌਰ ਦੇ ਘਰ ਪਿੰਡ ਧੂੜਕੋਟ, ਜ਼ਿਲ੍ਹਾ ਫਰੀਦਕੋਟ ਵਿਚ 28-4-1972 ਨੂੰ ਹੋਇਆ। ਮੇਰੇ ਵੱਡੇ ਸਤਿਕਾਰਯੋਗ ਭੈਣ ਜੀ ਅੰਗਰੇਜ਼ ਕੌਰ, ਵੱਡੇ ਭਾਈ ਮੰਗਤ ਸਿੰਘ ਅਤੇ ਛੋਟੇ ਭੈਣ ਜੀ ਬਲਬੀਰ ਕੌਰ ਹਨ। ਮੇਰੀ ਰਿਹਾਇਸ਼ ਅੱਜਕਲ੍ਹ ਸੇਖਾ ਰੋਡ ਸਮਾਲਸਰ ਵਿਚ ਹੈ।

**? ਧੰਮੂ ਸਾਬ੍ਹ ਤੁਸੀਂ ਪੜ੍ਹਾਈ ਕਿੱਥੇ-ਕਿੱਥੇ ਅਤੇ ਕਿੱਥੋਂ ਤੱਕ ਕੀਤੀ?**


- ਸਕੂਲੀ ਵਿਦਿਆ ਵਾਲੇ ਪਾਸੇ ਮੇਰਾ ਹੱਥ ਤੰਗ ਹੀ ਹੈ ਜੀ। ਸਾਡਾ ਪਿੰਡ ਸ਼ਹਿਰ ਤੋਂ ਦੂਰ ਹੋਣ ਕਰਕੇ ਪਛੜਿਆ ਹੋਇਆ ਸੀ ਅਤੇ ਘਰ ਵਿਚ ਗਰੀਬੀ ਹੋਣ ਕਰਕੇ ਮੈਂ ਸਿਰਫ਼ ਸਾਢੇ ਪੰਜ ਜਮਾਤਾਂ ਹੀ ਪੜ੍ਹ ਸਕਿਆ। ਰੋਜ਼ੀ-ਰੋਟੀ ਦੇ ਜੁਗਾੜ ਲਈ ਘਰਦਿਆਂ ਨੇ ਸਕੂਟਰ ਮਕੈਨਿਕ ਦਾ ਕੰਮ ਸਿੱਖਣ ਲਾ ਦਿੱਤਾ ਫਿਰ ਕਾਰਪੇਂਟਰ ਦਾ ਕੰਮ ਵੀ ਕੀਤਾ। ਪਰ ਮੇਰਾ ਮਨ ਇਨ੍ਹਾਂ ਕੰਮਾਂ 'ਚ ਨਾ ਲੱਗਾ। ਮੈਂ ਕੰਮ ਛੱਡ ਕੇ ਗੁਰਦੁਆਰਾ ਸਾਹਿਬ ਕੀਰਤਨ ਸੁਣਨ ਜਾ ਬੈਠਦਾ। ਇਸ ਕਰਕੇ ਕਈ ਵਾਰ ਝਿੜਕਾਂ ਵੀ ਮਿਲਦੀਆਂ।

**? ਕੀਰਤਨ ਤੇ ਅਤੇ ਢਾਡੀ ਕਲਾ ਵਿਚ ਤੁਹਾਡਾ ਉਸਤਾਦ ਕੌਣ ਹੈ?**

- ਕਵਿਤਾ ਲਿਖਣ ਅਤੇ ਪ੍ਰਚਾਰਕ ਦੇ ਤੌਰ ਤੇ ਮੈਂ ਸਵ. ਕਵੀਸ਼ਰ ਸਰਵਣ ਸਿੰਘ ਖੁਸ਼ਦਿਲ ਜੀ (ਧੂੜਕੋਟ ਵਾਲੇ) ਨੂੰ ਆਪਣਾ ਉਸਤਾਦ ਮੰਨਦਾ ਹਾਂ ਅਤੇ ਸੰਗੀਤ ਦੀ ਤਾਲੀਮ ਮੈਂ ਚਮਕੌਰ ਸਿੰਘ ਮਾਹਲਾ ਕਲਾਂ ਵਾਲਿਆਂ ਤੋਂ ਲਈ ਹੈ। ਇਨ੍ਹਾਂ ਦੋਨਾਂ ਸਖ਼ਸ਼ੀਅਤਾਂ ਨੂੰ ਮੈਂ ਜ਼ਿੰਦਗੀ ਭਰ ਨਹੀਂ ਭੁਲਾ ਸਕਦਾ ਅਤੇ ਤੀਜੀ ਸਖ਼ਸ਼ੀਅਤ ਹਨ ਸੰਤ ਜਸਵੀਰ ਸਿੰਘ (ਚੁੱਪਕੀਤੀ) ਧੂੜਕੋਟ ਵਾਲੇ ਜਿਨ੍ਹਾਂ ਤੋਂ ਮੈਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ।

**? ਤੁਸੀਂ ਪਹਿਲਾ ਢਾਡੀ ਜੱਥਾ ਕਦੋਂ ਤਿਆਰ ਕੀਤਾ?**

- ਢਾਡੀ ਜੱਥੇ ਤੋਂ ਪਹਿਲਾਂ ਅਸੀਂ ਧਾਰਮਿਕ ਅਤੇ ਸਮਾਜਿਕ ਕਵਿਤਾਵਾਂ ਨੂੰ ਹਰਮੋਨੀਅਮ ਅਤੇ ਢੋਲਕੀ ਤੇ ਗਾਉਂਦੇ ਹੁੰਦੇ ਸਾਂ। ਇਹ ਗੱਲ 1992 ਦੀ ਹੈ। ਉਸ ਸਮੇਂ ਜਗਜੀਤ ਸਿੰਘ ਮਾਹਲਾ, ਗੋਬਿੰਦ ਸਿੰਘ ਸਮਾਲਸਰ (ਮੌਜੂਦਾ ਸੰਗੀਤਕਾਰ), ਜਗਜੀਤ ਸਿੰਘ ਹਰੀਕੇ ਕਲਾਂ, ਗੁਰਮੀਤ ਸਿੰਘ ਸਮਾਲਸਰ, ਵਿਸਾਖਾ ਸਿੰਘ ਰਸੀਆ, ਰਣਜੀਤ ਸਿੰਘ ਕੁਹਾਰ ਵਾਲਾ, ਕਰਮਜੀਤ ਸਿੰਘ ਅੰਮ੍ਰਿਤਸਰ ਆਦਿ ਸਾਥੀਆਂ ਨੇ ਮੇਰਾ ਸਾਥ ਦਿੱਤਾ। ਫਿਰ 1997 ਵਿਚ ਢਾਡੀ ਜੱਥਾ ਤਿਆਰ ਕੀਤਾ। ਢਾਡੀ ਜੱਥੇ ਵਿਚ ਸੁਖਦੇਵ ਸਿੰਘ ਨੰਗਲ, ਜਗਸੀਰ ਸਿੰਘ ਸਰਾਵਾਂ, ਮੱਖਣ ਸਿੰਘ ਸਾਰੰਗੀ ਮਾਸਟਰ ਰਾਮੇਆਣਾ, ਗੁਰਮੀਤ ਸਿੰਘ ਸ਼ੇਰਪੁਰੀ, ਹਰਬੰਸ ਸਿੰਘ ਰਾਹੀਂ, ਅਮਰ ਸਿੰਘ ਅਮਰ ਅੰਤਰਰਾਸ਼ਟਰੀ ਸਾਰੰਗੀ ਵਾਦਕ, ਇੰਦਰਜੀਤ ਸਿੰਘ ਅਰਸ਼ੀ ਯੂ.ਐਸ.ਏ. ਅਤੇ ਬਲਬੀਰ ਸਿੰਘ ਜੌਹਲ ਆਦਿ ਸਿੰਘ ਜੱਥੇ ਨਾਲ ਕੰਮ ਕਰਦੇ ਰਹੇ। ਇਸ ਤੋਂ ਬਾਅਦ 2004 ਵਿਚ ਬੀਬੀਆਂ ਦਾ ਢਾਡੀ ਜੱਥਾ ਤਿਆਰ ਕੀਤਾ। ਜਿਨ੍ਹਾਂ ਵਿਚ ਬੀਬੀ ਵੀਰਪਾਲ ਕੌਰ ਖਾਲਸਾ, ਬੀਬੀ ਜਸਵੀਰ ਕੌਰ ਖਾਲਸਾ ਅਤੇ ਸਾਰੰਗੀ ਮਾਸਟਰ ਗੁਰਲਾਲ ਸਿੰਘ ਆਦਮਪੁਰਾ ਨੇ ਸਾਥ ਨਿਭਾਇਆ। ਦੂਸਰੇ ਜੱਥੇ ਵਿਚ ਕਮਲਜੀਤ ਸਿੰਘ ਕੋਮਲ, ਜਸਕਰਨ ਸਿੰਘ ਰਾਮੇਆਣਾ ਅਤੇ ਕੁਲਜੀਤ ਕੌਰ ਲੋਪੋ ਨੇ ਸੇਵਾ ਨਿਭਾਈ। ਮੌਜੂਦਾ ਜੱਥੇ ਵਿਚ ਰਾਜਵਿੰਦਰ ਕੌਰ ਖਾਲਸਾ, ਪਵਨਦੀਪ ਕੌਰ ਖਾਲਸਾ ਅਤੇ ਸਾਰੰਗੀ ਵਾਦਕ ਗੁਰਜੀਤ ਸਿੰਘ ਰਾਣਾ ਹਨ।



ਜਸਵੀਰ ਭਲੂਰੀਆ
99159-95505

**? ਧੰਮੂ ਜੀ ਤੁਹਾਡੇ ਉਸਤਾਦ ਜੀ ਬਾਰੇ ਤਾਂ ਗੱਲ ਹੋ ਗਈ, ਕੀ ਤੁਸੀਂ ਕੋਈ ਆਪਣਾ ਸ਼ਗਿਰਦ ਵੀ ਤਿਆਰ ਕੀਤਾ ਤਾਂ ਕਿ ਇਹ ਪਰੰਪਰਾ ਏਸੇ ਤਰ੍ਹਾਂ ਚੱਲਦੀ ਰਹੇ?**

- ਭਲੂਰੀਆ ਜੀ ਸਿਆਣੇ ਕਹਿੰਦੇ ਨੇ ਕਿ ਗਿਆਨ ਵੰਡਣ ਨਾਲ ਹੀ ਵਧਦਾ ਹੈ। ਸੋ ਮੈਂ ਵੀ ਕੋਸ਼ਿਸ਼ ਕੀਤੀ ਹੈ ਕਿ ਜਿੰਨਾ ਕੁ ਸੰਗੀਤ ਬਾਰੇ ਅਤੇ ਢਾਡੀ ਕਲਾ ਬਾਰੇ ਮੈਨੂੰ ਗਿਆਨ ਹੈ ਉਸ ਨੂੰ ਅੱਗੇ ਵੰਡਾਂ। ਉਸਤਾਦ ਦਾ ਰੁਤਬਾ ਤਾਂ ਬਹੁਤ ਉੱਚਾ ਹੈ ਪਰ ਜਿਨ੍ਹਾਂ ਨੂੰ ਮੈਂ ਕਿਣਕਾ ਮਾਤਰ ਕਲਾ ਦੇ ਸਕਿਆ ਹਾਂ ਉਨ੍ਹਾਂ ਵਿਚ ਕੁਲਵਿੰਦਰ ਸਿੰਘ ਰਣੀਆਂ, ਬਲਤੇਜ ਸਿੰਘ ਜਿਉਣਵਾਲਾ, ਗੋਬਿੰਦ ਸਿੰਘ ਸਮਾਲਸਰ, ਮੱਖਣ ਸਿੰਘ ਮੁਸਾਫਰ, ਸਵਰਨ ਸਿੰਘ ਸਹੋਤਾ, ਵੀਰਪਾਲ ਸਿੰਘ ਗਿੱਲ, ਕਮਲਜੀਤ ਸਿੰਘ ਕੋਮਲ ਅਤੇ ਜਸਵੀਰ ਕੌਰ ਮੱਦੋਕੇ ਸਮੇਤ ਤਕਰੀਬਨ ਦੋ ਦਰਜਨ ਕਲਾਕਾਰ ਹਨ।

**? ਹੁਣ ਤੱਕ ਤੁਹਾਡੀ ਕਲਮ ਨੇ ਕੀ ਕੁਝ ਰਚਿਆ ਹੈ?**

- ਪਹਿਲਾਂ ਧਾਰਮਿਕ ਕਵਿਤਾਵਾਂ, ਫਿਰ ਸਮਾਜਿਕ ਕਵਿਤਾਵਾਂ, ਫਿਰ ਲੜੀਵਾਰ ਪ੍ਰਸੰਗ ਜਿਨ੍ਹਾਂ ਵਿਚ ਗੱਡੀ ਪੰਜਾ ਸਾਹਿਬ, ਬੱਬਰ ਅਕਾਲੀ ਕ੍ਰਿਸ਼ਨ ਸਿੰਘ ਗੜਗੱਜ, ਗੁਰੂ ਨਾਨਕ ਦੇਵ ਜੀ ਦਾ ਵਿਆਹ, ਭਾਈ ਲਾਲੋ ਜੀ, ਕੌਡਾ ਰਾਖਸ਼, ਵਲੀ ਕੰਧਾਰੀ, ਦਸ ਗੁਰੂ ਸਾਹਿਬਾਨਾਂ ਦੇ ਪ੍ਰਸੰਗ, ਸ਼ਹੀਦ ਭਾਈ ਮਨੀ ਸਿੰਘ, ਸ਼ਹੀਦ ਭਾਈ ਤਾਰੂ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਜੀ, ਬਾਬਾ ਜੀਵਨ ਸਿੰਘ ਜੀ, ਭਾਈ ਸ਼ਾਹਬਾਜ ਸਿੰਘ, ਸੁਬੇਗ ਸਿੰਘ ਜੀ, ਚਾਰੇ ਸਾਹਿਬਜ਼ਾਦਿਆਂ ਦੇ ਪ੍ਰਸੰਗ, ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੇ ਚਾਰੇ ਜੰਗ, ਭੰਗਾਣੀ ਦਾ ਯੁੱਧ, ਪ੍ਰਸੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ਹੀਦ ਭਾਈ ਸੁੱਖਾ-ਜਿੰਦਾ ਦਾ ਪ੍ਰਸੰਗ, ਮੱਸਾ ਰੰਘੜ, ਤਾਰਾ ਸਿੰਘ ਵਾਂ ਤੋਂ ਇਲਾਵਾ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਬਾਰੇ ਖੇਡ ਬਗੀਚਾ (ਛੰਦ ਬੰਦੀ) ਅਤੇ ਕਬੱਡੀ ਖਿਡਾਰੀਆਂ ਦੀਆਂ ਜੀਵਨੀਆਂ ਬਾਰੇ ਖਿਆਲ ਕਬੱਡੀ ਦੇ ਮੇਰੀ ਕਲਮ ਦੀਆਂ ਰਚਨਾਵਾਂ ਹਨ।



**? ਤੁਹਾਡੀ ਪਹਿਲੀ ਰਿਕਾਰਡਿੰਗ ਕਦੋਂ ਤੇ ਕਿਹੜੀ ਹੋਈ?**

- ਮੇਰੀ ਪਹਿਲੀ ਰਿਕਾਰਡਿੰਗ 'ਚਰਨੀ ਲਾ ਲਉ ਬਾਬਾ ਜੀ' ਐਨ.ਵੀ.ਆਈ. ਕੰਪਨੀ ਨੇ ਕੀਤੀ। ਸਿਦਕ ਦਾ ਸੋਨਾ, ਭਾਰਤ ਦੀ ਸ਼ਾਨ (ਭਾਗ ਪਹਿਲਾ ਅਤੇ ਦੂਜਾ), ਨੀਲੇ ਘੋੜੇ ਬਾਜਾਂ ਵਾਲਿਆਂ, ਮਾਂ ਦੀਆਂ ਅਸੀਸਾਂ, ਭੂਮੀਆਂ ਚੋਰ, ਗੁਰੂ ਗ੍ਰੰਥ ਜੀ ਮਾਨਿਓਂ, ਕੁਰਬਾਨੀ ਫੌਜੀ ਦੀ, ਸ਼ਹੀਦੀ ਦਾ ਬਦਲਾ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਮਾਣ ਸ਼ਹੀਦਾਂ ਤੇ ਅਜੇ ਲਾਜ ਦਸਤਾਰ ਦੀ ਹੁਣ ਤੱਕ ਰਿਕਾਰਡ ਹੋ ਚੁੱਕੀਆਂ ਹਨ।

**? ਧੰਮੂ ਸਾਬ੍ਹ ਤੁਸੀਂ ਪੰਜਾਬ ਤੋਂ ਬਾਹਰ ਵੀ ਧਾਰਮਿਕ ਪ੍ਰੋਗਰਾਮ ਬਹੁਤ ਕੀਤੇ ਹਨ? ਕੀ ਭਾਰਤ ਤੋਂ ਬਾਹਰ ਪ੍ਰੋਗਰਾਮ ਕਰਨ ਦਾ ਮੌਕਾ ਵੀ ਮਿਲਿਆ ਹੈ?**

- ਉੱਪਰ ਵਾਲੇ ਦੀ ਕ੍ਰਿਪਾ ਅਤੇ ਸੰਗਤ ਦੇ ਅਸ਼ੀਰਵਾਦ ਨਾਲ 2010 ਵਿਚ ਮਲੇਸ਼ੀਆ ਅਤੇ ਸਿੰਘਾਪੁਰ, 2012 ਵਿਚ ਕੈਨੇਡਾ, 2013 ਵਿਚ ਇੰਡੋਨੇਸ਼ੀਆ, ਥਾਈਲੈਂਡ, ਮਲੇਸ਼ੀਆ ਅਤੇ 2014 ਵਿਚ ਸਿੰਘਾਪੁਰ ਅਤੇ ਮਲੇਸ਼ੀਆ ਸੰਗਤ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

**? ਢਾਡੀ ਕਲਾ ਨੂੰ ਵਿਦੇਸ਼ਾਂ ਵਿਚ ਕਿਹੋ ਜਿਹਾ ਹੁੰਗਾਰਾ ਮਿਲਿਆ।**

- ਵਿਦੇਸ਼ਾਂ ਵਿਚ ਤਾਂ ਪੰਜਾਬ ਨਾਲੋਂ ਵੀ ਵੱਧ ਪਿਆਰ-ਸਤਿਕਾਰ ਮਿਲਦਾ ਹੈ। ਉਥੋਂ ਦੇ ਲੋਕ ਸਾਨੂੰ ਧਿਆਨ ਨਾਲ ਸੁਣਦੇ ਹਨ ਅਤੇ ਸਾਡੀ ਹੌਂਸਲਾ ਅਫਜਾਈ ਵੀ ਕਰਦੇ ਹਨ।

**? ਧੰਮੂ ਜੀ ਤੁਸੀਂ ਇਸ ਖੇਤਰ ਵਿਚ ਬਹੁਤ ਸੰਘਰਸ਼ ਕੀਤਾ ਹੈ ਅਤੇ ਕਰ ਰਹੇ ਹੋ, ਕੀ ਤੁਹਾਨੂੰ ਬਣਦਾ ਮਾਣ-ਸਨਮਾਨ ਮਿਲਿਆ ਹੈ?**

- ਭਲੂਰੀਆ ਜੀ ਮਾਣ-ਸਨਮਾਨ ਮਿਲਣ ਜਾਂ ਲੈਣ ਬਾਰੇ ਤਾਂ ਕਦੇ ਸੋਚਿਆ ਹੀ ਨਹੀਂ, ਬੱਸ ਇਸ ਪਾਸੇ ਲਗਨ ਲੱਗੀ ਹੈ ਅਤੇ ਤੁਰੇ ਜਾ ਰਹੇ ਹਾਂ। ਪਰ ਜੇ ਤੁਸੀਂ ਪੁੱਛਿਆ ਹੈ ਤਾਂ ਦੱਸਣਾ ਵੀ ਜ਼ਰੂਰੀ ਹੈ। ਜਿਨ੍ਹਾਂ ਧਾਰਮਿਕ ਸਖ਼ਸ਼ੀਅਤਾਂ ਅਤੇ ਧਾਰਮਿਕ ਸੰਸਥਾਵਾਂ ਨੇ ਸਾਡੇ ਕੰਮ ਦੀ ਕਦਰ ਕੀਤੀ ਹੈ ਉਨ੍ਹਾਂ ਵਿਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾਂ ਜੀ, ਲਿਖਾਰੀ ਸਭਾ ਰੋਡੇ, ਗੁ. ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣੇ ਵਾਲੇ, ਖਾਲਸਾ ਦੀਵਾਨ ਸੁਸਾਇਟੀ ਕੈਨੇਡਾ, ਮਾਤਾ ਮਹਿੰਦਰ ਕੌਰ ਮਲੇਸ਼ੀਆ, ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਇੰਡੋਨੇਸ਼ੀਆ ਹਨ ਪਰ ਸਾਡੇ ਲਈ ਸਭ ਤੋਂ ਵੱਡਾ ਸਨਮਾਨ ਸੰਗਤ ਦਾ ਅਸ਼ੀਰਵਾਦ ਹੀ ਹੈ।

**? ਧੰਮੂ ਜੀ ਤੁਹਾਨੂੰ ਢਾਡੀ ਕਲਾ ਦਾ ਭਵਿੱਖ ਕਿਹੋ ਜਿਹਾ ਮਹਿਸੂਸ ਹੁੰਦਾ ਹੈ?**

- ਇਹ ਤੁਹਾਡਾ ਸੁਆਲ ਬਹੁਤ ਹੀ ਅਹਿਮ ਹੈ। ਢਾਡੀ ਕਲਾ ਨੂੰ ਬਚਾਉਣ ਵਾਸਤੇ ਸਾਡੀਆਂ ਧਾਰਮਿਕ ਸੰਸਥਾਵਾਂ ਨੂੰ ਉਚੇਚੇ ਤੌਰ ਤੇ ਸੋਚਣਾ ਪਵੇਗਾ। ਮੇਰੀ ਸੋਚ ਮੁਤਾਬਕ ਢਾਡੀ ਕਲਾ ਅਤੇ ਢਾਡੀ ਜੱਥਿਆਂ ਦਾ ਭਵਿੱਖ ਚਿੰਤਾਜਨਕ ਹੈ। ਸਮੇਂ ਦੇ ਬਦਲਾਅ ਕਾਰਨ ਢਾਡੀ ਕਲਾ ਦੇ ਸਰੋਤੇ ਘਟਦੇ ਜਾ ਰਹੇ ਹਨ। ਟੀ.ਵੀ. ਚੈਨਲਾਂ ਵਾਲੇ ਕਲਾ ਤੋਂ ਕੋਰੇ ਅਤੇ ਅਸ਼ਲੀਲ ਗਾਉਣ ਵਾਲਿਆਂ ਨੂੰ ਹੀ ਤਰਜੀਹ ਦਿੰਦੇ ਹਨ। ਢਾਡੀਆਂ ਕਵੀਸ਼ਰਾਂ ਲਈ ਤਾਂ ਬੱਸ ਇੱਕਾ-ਦੁੱਕਾ ਪ੍ਰੋਗਰਾਮ ਹੀ ਹਨ। ਕੋਈ ਜੋੜੀ ਦੋਗਾਣਾ ਗਾਉਂਦੀ ਹੋਵੇ ਤਾਂ ਲੋਕ ਪੰਜ-ਪੰਜ ਸੌ ਦੇ ਨੋਟ ਦਿੰਦੇ ਹਨ ਪਰ ਢਾਡੀ-ਕਵੀਸ਼ਰਾਂ ਲਈ ਸਿਰਫ਼ ਦਸ-ਦਸ ਰੁਪਏ ਹੀ ਨਿਕਲਦੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਗੁਰੂ ਸਾਹਿਬਾਨਾਂ ਦੇ ਗੁਰਪੁਰਬ ਮੌਕੇ ਮਜਬੂਰੀ ਵੱਸ ਹੀ ਪ੍ਰੋਗਰਾਮ ਕਰਵਾਉਂਦੀਆਂ ਹਨ। ਅੱਗੇ-ਪਿੱਛੇ ਢਾਡੀ-ਕਵੀਸ਼ਰ ਬਿਲਕੁਲ ਵਿਹਲੇ ਹੁੰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਹੋ ਚੁੱਕਿਆ ਹੈ ਕਿ ਮੜ੍ਹੀਆਂ, ਕਬਰਾਂ, ਡੇਰਿਆਂ ਤੇ ਢਾਡੀ ਪ੍ਰੋਗਰਾਮ ਨਹੀਂ ਕਰਨਾ। ਉੱਥੇ ਵੀ ਲੱਚਰ ਗਾਇਕੀ ਦੇ ਅਖਾੜੇ ਹੀ ਲੱਗਦੇ ਹਨ ਪਰ ਢਾਡੀ-ਕਵੀਸ਼ਰ ਫਿਰ ਵੀ ਇਸ ਕਲਾ ਨੂੰ ਬਚਾਉਣ ਲਈ ਪੂਰੀ ਵਾਹ ਲਾ ਰਹੇ ਹਨ। ਅਸੀਂ ਢਾਡੀ-ਕਵੀਸ਼ਰ ਕਲਾ ਬਚਾਓ ਲਹਿਰ ਨਾਂ ਦੀ ਸੰਸਥਾ ਵੀ ਖੜ੍ਹੀ ਕੀਤੀ ਹੈ।

**? ਧੰਮੂ ਜੀ ਭਵਿੱਖ ਦੀ ਕੋਈ ਨਵੀਂ ਯੋਜਨਾ ਹੈ?**

- ਏਸੇ ਤਰ੍ਹਾਂ ਹੀ ਲਿਖਣਾ ਤੇ ਗਾਉਣਾ ਜਾਰੀ ਰੱਖਾਂਗੇ। ਆਪਣੇ ਬਲਬੂਤੇ ਤੇ ਢਾਡੀ ਕਲਾ ਨੂੰ ਬਚਾਉਣ ਲਈ ਆਖਰੀ ਦਮ ਤੱਕ ਯੋਗਦਾਨ ਪਾਉਂਦੇ ਰਹਾਂਗੇ। ਅੱਗੇ ਜੋ ਵਾਹਿਗੁਰੂ ਨੂੰ ਮਨਜ਼ੂਰ...।

